ਨਿਊਜ਼ ਰਿਲੀਜ਼

# ਐਲਬਰਟਾ ਦੇ ਕਮਿਊਨਿਟੀ ਨਾਇਕਾਂ ਦਾ ਸਨਮਾਨ ਕਰਨਾਂ

*29 ਅਪਰੈਲ 2025*

2025 ਦੇ ਸਟਾਰਜ਼ ਆਫ ਐਲਬਰਟਾ ਵਾਲੰਟੀਅਰ ਐਵਾਰਡਜ਼ ਲਈ ਨਾਮਜ਼ਦਗੀਆਂ ਖੁੱਲ੍ਹ ਗਈਆਂ ਹਨ, ਜਿਹੜੇ ਐਵਾਰਡ ਉਹਨਾਂ ਕਮਿਊਨਿਟੀ ਨਾਇਕਾਂ 'ਤੇ ਚਾਨਣਾ ਪਾਉਣਗੇ ਜੋ ਸਾਡੀਆਂ ਜ਼ਿੰਦਗੀਆਂ ਨੂੰ ਚਮਕਾਉਂਦੇ ਅਤੇ ਐਲਬਰਟਾ ਦੀਆਂ ਕਮਿਊਨਿਟੀਆਂ ਨੂੰ ਰੁਸ਼ਨਾਉਂਦੇ ਹਨ।

ਸਟਾਰਜ਼ ਆਫ ਐਲਬਰਟਾ ਵਾਲੰਟੀਅਰ ਐਵਾਰਡ ਉਨ੍ਹਾਂ ਵਿਅਕਤੀਆਂ ਦੇ ਜਸ਼ਨ ਮਨਾਉਂਦੇ ਹਨ ਜਿਹੜੇ ਆਪਣਾ ਸਮਾਂ, ਊਰਜਾ ਅਤੇ ਪ੍ਰਤਿਭਾ ਦੂਸਰਿਆਂ ਦੀਆਂ ਜ਼ਿੰਦਗੀਆਂ ਨੂੰ ਚੰਗੇਰੀਆਂ ਬਣਾਉਣ ਲਈ ਲਾਉਂਦੇ ਹਨ। ਇਹ ਵੱਕਾਰੀ ਇਨਾਮ ਉਸ ਸ਼ਾਨਦਾਰ ਪ੍ਰਭਾਵ ਦਾ ਜਸ਼ਨ ਮਨਾਉਂਦੇ ਹਨ ਜਿਹੜਾ ਵਾਲੰਟੀਅਰਾਂ ਵੱਲੋਂ ਐਲਬਰਟਾ ਭਰ ਦੀਆਂ ਕਮਿਊਨਿਟੀਆਂ 'ਤੇ ਪਾਇਆ ਜਾਂਦਾ ਹੈ। ਹੇਠ ਲਿਖੀਆਂ ਸ਼੍ਰੇਣੀਆਂ ਵਿਚੋਂ ਹਰ ਇਕ ਲਈ ਦੋ ਇਨਾਮ ਦਿੱਤੇ ਜਾਂਦੇ ਹਨ:

- ਨੌਜਵਾਨ (24 ਸਾਲ ਦੀ ਉਮਰ ਤੱਕ)
- ਬਾਲਗ
- ਸੀਨੀਅਰ

ਬਰੇਕਿੰਗ ਬੈਰੀਅਰਜ਼ ਸ਼੍ਰੇਣੀ ਉਨ੍ਹਾਂ ਵਾਲੰਟੀਅਰਾਂ ਦਾ ਸਨਮਾਨ ਕਰਦੀ ਹੈ ਜਿਹੜੇ ਵਿਭਿੰਨ ਅਤੇ ਸੰਮਿਲਤ ਪ੍ਰਕਾਰ ਦੀਆਂ ਕਮਿਊਨਿਟੀਆਂ ਦੀ ਉਸਾਰੀ ਕਰਨ ਲਈ ਕੰਮ ਕਰ ਰਹੇ ਹਨ। ਇਸ ਸ਼੍ਰੇਣੀ ਵਿਚ ਤਿੰਨ ਐਵਾਰਡ ਉਨ੍ਹਾਂ ਵਿਅਕਤੀਆਂ ਨੂੰ ਦਿੱਤੇ ਜਾਂਦੇ ਹਨ ਜਿਹੜੇ:

- ਨਸਲਵਾਦ ਨਾਲ ਲੜਦੇ ਹਨ
- LGBTQ+ ਸੰਮਿਲਨ ਦੀ ਵਕਾਲਤ ਕਰਦੇ ਹਨ
- ਲਿੰਗ ਭੇਦਭਾਵ ਨੂੰ ਚੁਣੌਤੀ ਦਿੰਦੇ ਹਨ

"ਵਾਲੰਟੀਅਰ ਕੰਮ ਕਰਨਾਂ ਮਹਿਜ਼ ਉਦਾਰਤਾ ਤੋਂ ਕਿਤੇ ਜ਼ਿਆਦਾ ਹੈ - ਇਹ ਐਲਬਰਟਾ ਦੀਆਂ ਸਭ ਤੋਂ ਸ਼ਕਤੀਸ਼ਾਲੀ ਤਾਕਤਾਂ ਵਿਚੋਂ ਇਕ ਹੈ, ਜੋ ਉਨ੍ਹਾਂ ਪ੍ਰੋਗਰਾਮਾਂ ਨੂੰ ਬਲ ਦਿੰਦੀਆਂ ਹਨ, ਜਿਹੜੇ ਪਰਿਵਾਰਾਂ ਦੀ ਸਹਾਇਤਾ ਕਰਦੇ,

ਕਮਿਊਨਿਟੀਆਂ ਉਸਾਰਦੇ ਅਤੇ ਜੀਵਨ ਨੂੰ ਅਮੀਰ ਬਣਾਉਂਦੇ ਹਨ। ਦਿੱਤਾ ਗਿਆ ਹਰੇਕ ਘੰਟੇ ਦਾ ਸਮਾਂ ਅਤੇ ਸੇਵਾ ਦਾ ਕਾਰਜ ਐਲਬਰਟਾ ਨੂੰ ਵਧੇਰੇ ਮੁੜ- ਸਥਾਪਨਯੋਗ, ਜੁੜਿਆ ਹੋਇਆ ਅਤੇ ਦਿਆਲੂ ਬਣਾਉਂਦਾ ਹੈ। । 2025 ਦੇ ਸਟਾਰਜ਼ ਆਫ ਐਲਬਰਟਾ ਵਾਲੰਟੀਅਰ ਐਵਾਰਡ ਤੁਹਾਨੂੰ ਧੰਨਵਾਦ ਕਹਿਣਾ ਦਾ ਸਾਡਾ ਇਕ ਮੌਕਾ ਹੈ। ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਉਪਰ ਉੱਠ ਕੇ ਅਤੇ ਅਗਾਂਹ ਵਧ ਕੇ ਕੰਮ ਕਰਦਾ ਹੈ, ਤਾਂ ਉਨ੍ਹਾਂ ਨੂੰ ਨਾਮਜ਼ਦ ਕਰੋ ਅਤੇ ਸਾਡੀ ਉਨ੍ਹਾਂ ਸ਼ਾਨਦਾਰ ਲੋਕਾਂ ਦੇ ਜ਼ਸ਼ਨ ਮਨਾਉਣ 'ਚ ਮਦਦ ਕਰੋ ਜਿਹੜੇ ਐਲਬਰਟਾ ਨੂੰ ਉਤਾਂਹ ਚੁੱਕਦੇ ਹਨ।"

*Tanya Fir, ਮਿਨਿਸਟਰ ਆਫ ਆਰਟਸ, ਕਲਚਰ ਐਂਡ ਸਟੇਟਸ ਆਫ ਵੂਮੈਨ*

2025 ਲਈ ਨਾਮਜ਼ਦਗੀਆਂ ਦਾ ਸਮਾਂ ਨੈਸ਼ਨਲ ਵਾਲੰਟੀਅਰ ਵੀਕ ਦੌਰਾਨ 28 ਅਪਰੈਲ ਨੂੰ ਖੁੱਲ੍ਹਿਆ ਹੈ ਅਤੇ ਇਹ 30 ਜੂਨ ਤੱਕ ਚਲਦਾ ਰਹੇਗਾ। ਇੰਟਰਨੈਸ਼ਨਲ ਵਾਲੰਟੀਅਰ ਡੇਅ ਦੇ ਜ਼ਸ਼ਨ ਮਨਾਉਂਦਿਆਂ ਹੋਇਆਂ 5 ਦਸੰਬਰ ਨੂੰ ਐਵਾਰਡ ਪ੍ਰਾਪਤ-ਕਰਤਿਆਂ ਦਾ ਐਲਾਨ ਕੀਤਾ ਜਾਵੇਗਾ।

ਵਲੰਟੀਅਰ ਮਜ਼ਬੂਤ ਕਮਿਊਨਿਟੀਆਂ ਦਾ ਦਿਲ ਹੁੰਦੇ ਹਨ। ਐਲਬਰਟਾ 27,000 ਤੋਂ ਵਧੇਰੇ ਨਾਨ-ਪ੍ਰਾਫਿੱਟ ਸੰਸਥਾਵਾਂ ਦਾ ਘਰ ਹੈ ਅਤੇ ਹਰੇਕ ਸਾਲ ਐਲਬਰਟਾ ਵਾਸੀ 227 ਮਿਲੀਅਨ ਵਾਲੰਟੀਅਰ ਘੰਟਿਆਂ ਤੋਂ ਵਧੇਰੇ ਦਾ ਯੋਗਦਾਨ ਪਾਉਂਦੇ ਹਨ - ਜੋ ਐਲਬਰਟਾ ਦੀ ਆਰਥਿਕਤਾ 'ਚ ਅੰਦਾਜ਼ਨ 5.6 ਮਿਲੀਅਨ ਡਾਲਰ ਦੇ ਮੁੱਲ ਦੇ ਹਨ। ਐਲਬਰਟਾ ਵਾਸੀਆਂ ਨੂੰ ਅੱਜ ਹੀ ਆਨਲਾਈਨ ਅਰਜ਼ੀ ਜਮ੍ਹਾਂ ਕਰਵਾਉਣ ਦੁਆਰਾ ਕਿਸੇ ਉਸ ਵਾਲੰਟੀਅਰ ਨੂੰ ਮਾਨਤਾ ਦੇਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਐਲਬਰਟਾ ਨੂੰ ਰਹਿਣ, ਕੰਮ ਕਰਨ ਅਤੇ ਪਰਿਵਾਰ ਪਾਲਣ ਲਈ ਉੱਤਮ ਥਾਂ ਬਣਾਈ ਰੱਖਣ 'ਚ ਮਦਦ ਦੇਣ ਲਈ ਆਪਣਾ ਸਮਾਂ ਅਤੇ ਪ੍ਰਤਿਭਾ ਸਾਂਝੇ ਕੀਤੇ।

## ਸਬੰਧਤ ਜਾਣਕਾਰੀ

- ਸਟਾਰਜ਼ ਆਫ ਐਲਬਰਟਾ ਵਾਲੰਟੀਅਰ ਐਵਾਰਡਜ਼
- ਨਾਰਦਰਨ ਲਾਈਟਸ ਵਾਲੰਟੀਅਰ ਰੈਕੋਗਨਿਸ਼ਨ ਪ੍ਰੋਗਰਾਮ
- ਨੈਸ਼ਨਲ ਵਾਲੰਟੀਅਰ ਵੀਕ

Classification: Public